# ਵਿਕਟੋਰੀਆ ਵਿੱਚ ਟਿਕਟ ਲੈਣ ਲਈ ਤੁਹਾਡੀ ਗਾਈਡ




2024
ਦੀ ਕਿਰਾਏ ਸਮੇਤ ਮੁਫ਼ਤ ਟਰਾਮ
ਜ਼ੋਨ ਦਾ ਨਕਸ਼ਾ ਸ਼ਾਮਲ ਹੈ

PUBLIC TRANSPORT VICTORIA

## ਆਪਣਾ myki ਕਾਰਡ ਖ਼ਰੀਦੋ ਅਤੇ ਟਾਪ ਅੱਪ ਕਰੋ

ਪੂਰੇ ਕਿਰਾਏ ਵਾਲੇ ਕਾਰਡ ਦੀ ਕੀਮਤ $6 ਹੈ ਅਤੇ ਰਿਆਇਤ ਵਾਲੇ ਕਾਰਡਾਂ ਦੀਆਂ ਕਿਸਮਾਂ ਦੀ ਕੀਮਤ $3 ਹੈ।

ਤੁਸੀਂ ਆਪਣੀ myki ਇਥੋਂ ਖ਼ਰੀਦ ਸਕਦੇ ਹੋ ਅਤੇ ਟਾਪ ਅੱਪ ਕਰ ਸਕਦੇ ਹੋ:

- ਸਾਰੀਆਂ 7-Elevens ਸਮੇਤ ਸੈਂਕੜੇ ਦੁਕਾਨਾਂ ਤੋਂ
- ਚੁਣੇ ਹੋਏ ਸਟੇਸ਼ਨਾਂ ਅਤੇ ਅੱਡਿਆਂ 'ਤੇ ਲੱਗੀਆਂ myki ਮਸ਼ੀਨਾਂ ਤੋਂ
- ਪ੍ਰੀਮੀਅਮ ਸਟੇਸ਼ਨ ਟਿਕਟ ਦਫ਼ਤਰ ਤੋਂ
- PTV ਹੱਬਾਂ ਤੋਂ
- ਕਵਿੱਕ ਟਾਪ ਅੱਪ ਮਸ਼ੀਨਾਂ ਤੋਂ (ਵੱਧ ਤੋਂ ਵੱਧ $50 myki ਮਨੀ)
- **ptv.vic.gov.au** ਜਾਂ **1800 800 007** 'ਤੇ ਫ਼ੋਨ ਕਰਕੇ (ਔਨਲਾਈਨ ਟੌਪ ਅੱਪ ਹੋਣ ਲਈ ਲਗਭਗ 45 ਮਿੰਟ ਦਾ ਸਮਾਂ ਦਿਓ)

ਤੁਸੀਂ ਆਪਣੇ ਮੋਬਾਈਲ ਫ਼ੋਨ (NFC ਲੋੜੀਂਦੀ ਹੈ) 'ਤੇ PTV ਐਪ ਦੀ ਵਰਤੋਂ ਕਰਦੇ ਹੋਏ ਤੁਰੰਤ myki Money ਨਾਲ ਟਾਪ ਅੱਪ ਕਰ ਸਕਦੇ ਹੋ।

**ptv.vic.gov.au/retail** 'ਤੇ ਟਾਪ ਅੱਪ ਕਰਨ ਲਈ ਆਪਣੀ ਨਜ਼ਦੀਕੀ ਥਾਂ ਲੱਭੋ

**ptv.vic.gov.au/concession** 'ਤੇ ਜਾਂਚ ਕਰੋ ਕਿ ਕੀ ਤੁਸੀਂ ਰਿਆਇਤ ਕਾਰਡ (ਬੱਚਾ, ਸੀਨੀਅਰ ਅਤੇ ਰਿਆਇਤ) ਲਈ ਯੋਗ ਹੋ।

## myki Pass ਜਾਂ myki Money ਚੁਣੋ

ਤੁਸੀਂ ਕਿੰਨੀ ਵਾਰ ਯਾਤਰਾ ਕਰਦੇ ਹੋ ਇਸ ਗੱਲ 'ਤੇ ਨਿਰਭਰ ਕਰਦੇ ਹੋਏ, ਤੁਸੀਂ myki Pass ਜਾਂ myki Money ਨਾਲ ਟਾਪ ਅੱਪ ਕਰਨ ਦੀ ਚੋਣ ਕਰ ਸਕਦੇ ਹੋ। ਤੁਹਾਡਾ ਕਾਰਡ ਇਨ੍ਹਾਂ ਵਿਚੋਂ ਕਿਸੇ ਵੀ ਚੋਣ ਲਈ ਲਾਕ ਨਹੀਂ ਹੈ, ਹਰ ਵਾਰ ਜਦੋਂ ਤੁਸੀਂ ਟਾਪ ਅੱਪ ਕਰਦੇ ਹੋ ਤਾਂ ਆਪਣੇ ਲਈ ਸਭ ਤੋਂ ਵਧੀਆ ਚੋਣ ਚੁਣੋ।

ਤੁਸੀਂ ਆਪਣੇ ਕਾਰਡ 'ਤੇ ਇੱਕੋ ਸਮੇਂ myki ਮਨੀ ਅਤੇ myki Pass ਰੱਖ ਸਕਦੇ ਹੋ, ਪਰ ਤੁਹਾਡਾ ਕਾਰਡ ਪਹਿਲਾਂ myki Pass ਦੀ ਵਰਤੋਂ ਕਰੇਗਾ।

ਤੁਹਾਡਾ myki Pass ਕੰਮ ਨਹੀਂ ਕਰੇਗਾ ਜੇਕਰ ਤੁਹਾਡੇ myki Money ਵਿੱਚ ਪੈਸੇ ਜ਼ੀਰੋ ਤੋਂ ਘੱਟ ਹਨ।

ਕਿਰਾਏ ਬਾਰੇ ਹੋਰ ਜਾਣੋ ਅਤੇ **ptv.vic.gov.au/fares** 'ਤੇ myki Pass ਨਾਲ myki Money ਦੀ ਤੁਲਨਾ ਕਰੋ

## myki Money

**ਜੇਕਰ ਤੁਸੀਂ ਕਦੇ-ਕਦਾਈਂ ਯਾਤਰਾ ਕਰਦੇ ਹੋ,** ਤਾਂ ਜਾਣ ਸਮੇਂ ਹੀ ਭੁਗਤਾਨ ਕਰੋ।

ਆਪਣੇ myki ਵਿੱਚ ਪੈਸੇ ਪਾਓ ਅਤੇ ਇਹ ਤੁਹਾਡੇ ਵੱਲੋਂ ਕੀਤੀ ਗਈ ਯਾਤਰਾ ਦੇ ਆਧਾਰ 'ਤੇ ਸਭ ਤੋਂ ਘੱਟ ਕਿਰਾਏ ਦੀ ਗਣਨਾ ਕਰੇਗਾ।

ਉਸ ਦਿਨ ਤੁਹਾਡੇ ਵੱਲੋਂ ਕੀਤਾ ਗਿਆ ਪਹਿਲਾ ਕਾਰਡ ਸੰਪਰਕ 2 ਘੰਟੇ ਦਾ ਕਿਰਾਇਆ ਲੈਂਦਾ ਹੈ। ਜੇਕਰ ਤੁਸੀਂ 2 ਘੰਟੇ ਬਾਅਦ ਵੀ ਯਾਤਰਾ ਕਰ ਰਹੇ ਹੋ, ਤਾਂ ਤੁਹਾਡੇ ਤੋਂ ਦਿਨ ਦਾ ਕਿਰਾਇਆ ਲਿਆ ਜਾਵੇਗਾ।

| | 2 ਘੰਟੇ** | |
|---|---|---|
| | **ਪੂਰਾ ਕਿਰਾਇਆ** | **ਰਿਆਇਤ** |
| **ਜ਼ੋਨ 1+2** | $5.30 | $2.65 |
| **ਕੇਵਲ ਜ਼ੋਨ 2** | $3.30 | $1.65 |

| | ਇੱਕ ਦਿਨ ਦਾ | |
|---|---|---|
| | **ਪੂਰਾ ਕਿਰਾਇਆ** | **ਰਿਆਇਤ** |
| **ਜ਼ੋਨ 1-15** | $10.60 | $5.30 |
| **ਕੇਵਲ ਜ਼ੋਨ 2** | $6.60 | $3.30 |
| **ਵੀਕੈਂਡ(ਸ਼ਨੀ-ਐਤ)#** | $7.20 | $3.60 |

** ਉਸ ਦਿਨ ਤੁਹਾਡੇ ਵੱਲੋਂ ਕੀਤਾ ਗਿਆ ਪਹਿਲਾ ਕਾਰਡ ਸੰਪਰਕ 2 ਘੰਟੇ ਦਾ ਕਿਰਾਇਆ ਲੈਂਦਾ ਹੈ। ਜੇਕਰ ਤੁਸੀਂ 2 ਘੰਟੇ ਬਾਅਦ ਵੀ ਯਾਤਰਾ ਕਰ ਰਹੇ ਹੋ, ਤਾਂ ਤੁਹਾਡੇ ਤੋਂ ਦਿਨ ਦਾ ਕਿਰਾਇਆ ਲਿਆ ਜਾਵੇਗਾ। # ਇਸ ਵਿੱਚ ਜਨਤਕ ਛੁੱਟੀਆਂ ਸ਼ਾਮਲ ਹਨ।

## myki Pass

**ਜੇਕਰ ਤੁਸੀਂ ਅਕਸਰ ਯਾਤਰਾ ਕਰਦੇ ਹੋ,** ਤਾਂ ਲਗਾਤਾਰ ਦਿਨਾਂ ਦੇ ਨਾਲ ਟੌਪ ਅੱਪ ਕਰੋ। ਜਦੋਂ ਤੁਸੀਂ ਹਫ਼ਤੇ ਵਿੱਚ ਪੰਜ ਦਿਨਾਂ ਤੋਂ ਵੱਧ ਯਾਤਰਾ ਕਰਦੇ ਹੋ, ਤਾਂ ਤੁਸੀਂ myki Pass ਦੀ ਵਰਤੋਂ ਨਾਲ ਬੱਚਤ ਕਰ ਸਕਦੇ ਹੋ।

ਸੱਤ ਦਿਨਾਂ ਦੀ ਯਾਤਰਾ ਲਈ ਜ਼ੋਨ 1-15 ਲਈ ਕਿਰਾਏ ਦੀ ਤੁਲਨਾ ਕਰੋ:

myki Money **$67.40** (5 x ਆਮ ਦਿਨ + 2 x ਸ਼ਨੀ-ਐਤ ਦੇ ਦਿਨ)
myki Pass **$53.00** (7 ਦਿਨ ਦਾ ਪਾਸ)

| | 7 ਦਿਨ | |
|---|---|---|
| | **ਪੂਰਾ ਕਿਰਾਇਆ** | **ਰਿਆਇਤ** |
| **ਜ਼ੋਨ 1-15** | $53.00 | $26.50 |
| **ਕੇਵਲ ਜ਼ੋਨ 2** | $33.00 | $16.50 |

| | 28 – 325 ਦਿਨ^ | |
|---|---|---|
| | **ਪੂਰਾ ਕਿਰਾਇਆ** | **ਰਿਆਇਤ** |
| **ਜ਼ੋਨ 1-15** | $6.36◊ | $3.18◊ |
| **ਕੇਵਲ ਜ਼ੋਨ 2** | $3.96◊ | $1.98◊ |

^ ਜਦੋਂ ਤੁਸੀਂ 325 ਦਿਨਾਂ ਦਾ myki Pass ਖ਼ਰੀਦਦੇ ਹੋ, ਤਾਂ ਤੁਹਾਨੂੰ 40 ਵਾਧੂ ਦਿਨਾਂ ਲਈ ਮੁਫ਼ਤ ਯਾਤਰਾ ਕਰਨੀ ਮਿਲਦੀ ਹੈ।
◊ ਪ੍ਰਤੀ ਦਿਨ ਕੀਮਤ।

## ਇੱਕ ਦਿਨ ਦਾ ਵੱਧ ਤੋਂ ਵੱਧ ਕਿਰਾਇਆ

### ਵੱਧ ਤੋਂ ਵੱਧ ਕਿਰਾਏ ਦੀ ਹੱਦ (ਵੈਲਿਊ ਫੇਅਰ ਕੈਪ)

$

- ✓ ਪੂਰੇ ਦਿਨ ਲਈ ਬੇਅੰਤ ਯਾਤਰਾ
- ✓ ਕੋਈ ਵੀ ਰੇਲ, ਟਰਾਮ ਜਾਂ ਬੱਸ*
- ✓ ਪੂਰੇ ਮੈਲਬੌਰਨ ਅਤੇ ਵਿਕਟੋਰੀਆ ਭਰ ਵਿੱਚ##
- ✓ ਜੇਕਰ ਤੁਸੀਂ ਸਿਰਫ਼ ਜ਼ੋਨ 2 ਵਿੱਚ ਯਾਤਰਾ ਕਰ ਰਹੇ ਹੋ, ਤਾਂ ਤੁਹਾਡਾ ਕਿਰਾਇਆ ਸਸਤਾ ਹੁੰਦਾ ਹੈ

| ਇੱਕ ਦਿਨ ਦਾ ਵੱਧ ਤੋਂ ਵੱਧ ਕਿਰਾਇਆ | ਹਫ਼ਤੇ ਦੇ ਕੰਮਕਾਜੀ ਦਿਨ | ਵੀਕਐਂਡ(ਸ਼ਨੀ-ਐਤ)# |
|---|---|---|
| ਪੂਰਾ ਕਿਰਾਇਆ | $10.60 | $7.20 |
| ਰਿਆਇਤ | $5.30 | $3.60 |

* SkyBus, ਨਿੱਜੀ ਤੌਰ 'ਤੇ ਚਲਾਈਆਂ ਜਾਣ ਵਾਲੀਆਂ ਸੇਵਾਵਾਂ ਅਤੇ ਵਿਕਟੋਰੀਆ ਤੋਂ ਬਾਹਰ ਸ਼ੁਰੂ ਜਾਂ ਖ਼ਤਮ ਹੋਣ ਵਾਲੀਆਂ ਯਾਤਰਾਵਾਂ ਨੂੰ ਸ਼ਾਮਲ ਨਹੀਂ ਕਰਦਾ ਹੈ। ## ਲੰਬੀ ਦੂਰੀ ਦੀਆਂ V/ਲਾਈਨ ਸੇਵਾਵਾਂ ਲਈ ਕਾਗਜ਼ੀ ਟਿਕਟਾਂ ਦੀ ਲੋੜ ਹੁੰਦੀ ਹੈ। # ਇਸ ਵਿੱਚ ਜਨਤਕ ਛੁੱਟੀਆਂ ਸ਼ਾਮਲ ਹਨ।services. # Includes public holidays.

ਕੀਮਤਾਂ ਵਿੱਚ myki ਕਾਰਡ ਦੀ ਇੱਕ ਵਾਰ ਦੀ ਖ਼ਰੀਦ ਸ਼ਾਮਲ ਨਹੀਂ ਹੈ ($6 ਪੂਰਾ ਕਿਰਾਇਆ, $3 ਰਿਆਇਤੀ ਕਿਰਾਇਆ)।

## ਆਪਣੀ myki ਦੀ ਵਰਤੋਂ ਕਰਨਾ (ਕਾਰਡ ਚਾਲੂ ਅਤੇ ਬੰਦ ਕਰਨਾ)

ਹਰ ਵਾਰ ਜਦੋਂ ਤੁਸੀਂ ਰੇਲਗੱਡੀ, ਬੱਸ ਅਤੇ ਜ਼ਿਆਦਾਤਰ ਟਰਾਮਾਂ 'ਤੇ ਚੜ੍ਹਦੇ ਹੋ ਤਾਂ ਤੁਹਾਨੂੰ ਕਾਰਡ ਜ਼ਰੂਰ ਛੂਹਕੇ ਚਾਲੂ ਕਰਨਾ ਚਾਹੀਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਤੋਂ ਸਭ ਤੋਂ ਵਧੀਆ ਕਿਰਾਇਆ ਲਿਆ ਜਾਂਦਾ ਹੈ, ਕਾਰਡ ਛੂਹਕੇ ਜ਼ਰੂਰ ਬੰਦ ਕਰੋ। ਇੱਥੇ ਕਾਰਡ ਛੂਹਣ ਅਤੇ ਬੰਦ ਕਰਨ ਲਈ ਇੱਕ ਝਟਪਟ ਗਾਈਡ ਹੈ:

| | ਕਾਰਡ ਛੂਹਕੇ ਚਾਲੂ ਕਰਨਾ | ਕਾਰਡ ਛੂਹਕੇ ਬੰਦ ਕਰਨਾਛੂਹਕੇ ਬੰਦ ਕਰਨਾ off |
|---|---|---|
| ਮੈਟਰੋਪੋਲੀਟਨ ਟ੍ਰੇਨਾਂ | ✓ | ✓ |
| ਮੈਟਰੋਪੋਲੀਟਨ ਬੱਸਾਂ | ✓ | ✓ |
| ਟਰਾਮ - ਮੁਫ਼ਤ ਟਰਾਮ ਜ਼ੋਨ ਦੇ ਬਾਹਰ | ✓ | ✗ |
| ਟਰਾਮ - ਮੁਫ਼ਤ ਟਰਾਮ ਜ਼ੋਨ ਜਾਂ ਸਿਟੀ ਸਰਕਲ◊◊ ਦੇ ਅੰਦਰ◊◊ | ✗ | ✗ |

◊◊ ਰੂਟ 35

## PTV ਐਪ

PTV ਐਪ ਤੁਹਾਡੇ myki ਦਾ ਪ੍ਰਬੰਧਨ ਕਰਨ ਅਤੇ ਮੈਲਬੌਰਨ ਜਾਂ ਵਿਕਟੋਰੀਆ ਭਰ ਵਿੱਚ ਤੁਹਾਡੀ ਯਾਤਰਾ ਦੀ ਯੋਜਨਾ ਬਣਾਉਣ ਵਿੱਚ ਤੁਹਾਡੀ ਮੱਦਦ ਕਰਨ ਲਈ ਵਿਸ਼ੇਸ਼ਤਾਵਾਂ ਨਾਲ ਭਰਪੂਰ ਹੈ।

ਇਸਨੂੰ ਐਪ ਸਟੋਰ ਜਾਂ ਗੂਗਲ ਪਲੇ ਸਟੋਰ ਤੋਂ ਮੁਫ਼ਤ ਵਿੱਚ ਡਾਊਨਲੋਡ ਕਰੋ, ਜਾਂ ਹੋਰ ਜਾਣਨ ਲਈ **ptv.vic.gov.au/app** 'ਤੇ ਜਾਓ।

## ਖੇਤਰੀ ਵਿਕਟੋਰੀਆ ਵਿੱਚ myki

**ਜੇਕਰ ਤੁਸੀਂ ਇਨ੍ਹਾਂ ਵਿੱਚ ਕਿਸੇ 'ਤੇ ਯਾਤਰਾ ਕਰ ਰਹੇ ਹੋ ਤਾਂ ਤੁਹਾਨੂੰ ਇੱਕ myki ਕਾਰਡ ਦੀ ਲੋੜ ਹੈ:**

- ਮੈਟਰੋਪੋਲੀਟਨ ਮੈਲਬੌਰਨ ਅਤੇ ਹੇਠ ਲਿਖੇ ਕਸਬਿਆਂ ਵਿਚਕਾਰ V/ਲਾਈਨ ਰੇਲਗੱਡੀਆਂ:
    - ਗੋਰਨੋਂਗ ਅਤੇ ਰੇਵੁੱਡ (ਬੈਂਡੀਗੋ)
    - ਸੇਮੌਰ
    - ਟਰਾਰਾਲਗਨ
    - ਵੌਰਨ ਪੌਂਡ (ਜੀਲੌਂਗ)
    - ਵੈਂਡੂਓਰੀ (ਬੈਲਾਰਟ)
- ਬੈਲਾਰਟ, ਬੈਂਡੀਗੋ, ਬੈਕਸ ਮਾਰਸ਼, ਜੀਲੌਂਗ, ਸੇਮੌਰ, ਕਿਲਮੌਰ, ਵਾਲਨ ਅਤੇ ਲਾਟਰੋਬ ਵੈਲੀ ਵਿੱਚ ਚੱਲਣ ਵਾਲੀਆਂ ਬੱਸਾਂ।

ਜਿਨ੍ਹਾਂ ਯਾਤਰਾਵਾਂ ਵਿੱਚ myki ਜ਼ੋਨਾਂ ਤੋਂ ਬਾਹਰ ਦੀ ਯਾਤਰਾ ਕਰਨਾ ਸ਼ਾਮਲ ਹੁੰਦੀ ਹੈ, ਉਹਨਾਂ ਲਈ ਕਾਗਜ਼ੀ ਟਿਕਟ ਦੀ ਲੋੜ ਹੁੰਦੀ ਹੈ।

myki ਜ਼ੋਨਾਂ ਬਾਰੇ ਹੋਰ ਜਾਣਕਾਰੀ ਲਈ **ptv.vic.gov.au/fares** 'ਤੇ ਜਾਓ

## ਖੇਤਰੀ ਵਿਕਟੋਰੀਆ ਵਿੱਚ ਕਾਗਜ਼ੀ ਟਿਕਟਾਂ ਦੀ ਵਰਤੋਂ ਕਰਨਾ

**ਜੇਕਰ ਤੁਸੀਂ Myki ਕਾਰਡ ਦੀ ਸੀਮਾ ਤੋਂ ਅੱਗੇ ਦੀ ਯਾਤਰਾ ਕਰ ਰਹੇ ਹੋ ਤਾਂ ਤੁਹਾਨੂੰ V/Line ਦੀ ਕਾਗਜ਼ੀ ਟਿਕਟ ਦੀ ਲੋੜ ਹੈ:**

- ਬੇਅਰਨਸਡੇਲ, ਐਲਬਰੀ, ਸ਼ੈਪਰਟਨ, ਈਚੂਕਾ, ਸਵੈਨ ਹਿੱਲ, ਐਰਾਰਾਟ, ਮੈਰੀਬਰੋ ਜਾਂ ਵਾਰਨਮਬੂਲ ਤੋਂ ਅਤੇ ਤੱਕ ਆਉਣ ਵਾਲੀਆਂ ਲੰਬੀ ਦੂਰੀ ਦੀਆਂ ਰੇਲਗੱਡੀਆਂ
- ਸਾਰੀਆਂ V/ਲਾਈਨ ਕੋਚਾਂ ਨਾਲ।

**ਜੇਕਰ ਤੁਸੀਂ ਇਹਨਾਂ ਵਿਚੋਂ ਕਿਸੇ 'ਤੇ ਯਾਤਰਾ ਕਰ ਰਹੇ ਹੋ ਤਾਂ ਤੁਹਾਨੂੰ ਖੇਤਰੀ ਬੱਸ ਦੀ ਕਾਗਜ਼ੀ ਟਿਕਟ ਦੀ ਲੋੜ ਹੈ:**

- ਬਹੁਤ ਸਾਰੀਆਂ ਖੇਤਰੀ ਸਥਾਨਕ ਬੱਸਾਂ ਜੋ ਕਸਬਿਆਂ ਦੇ ਵਿਚਕਾਰ ਚਲਦੀਆਂ ਹਨ।

ਤੁਸੀਂ ਬੱਸ 'ਤੇ ਆਪਣੀ ਖੇਤਰੀ ਬੱਸ ਦੀ ਕਾਗਜ਼ੀ ਟਿਕਟ ਖ਼ਰੀਦ ਸਕਦੇ ਹੋ।

ਜੇਕਰ ਤੁਸੀਂ ਲੰਬੀ ਦੂਰੀ ਦੀਆਂ ਸੇਵਾਵਾਂ 'ਤੇ V/Line ਨਾਲ ਯਾਤਰਾ ਕਰ ਰਹੇ ਹੋ, ਤਾਂ ਅੱਗੇ ਦੀ ਯੋਜਨਾ ਬਣਾਓ ਅਤੇ ਜਿੱਥੇ ਉਪਲਬਧ ਹੋਵੇ, ਇੱਕ ਰਿਜ਼ਰਵੇਸ਼ਨ ਕਰੋ।

ਤੁਸੀਂ ਔਨਲਾਈਨ ਰਿਜ਼ਰਵੇਸ਼ਨ ਕਰ ਸਕਦੇ ਹੋ ਜਾਂ **vline.com.au** 'ਤੇ ਜਾ ਕੇ ਆਪਣਾ ਨਜ਼ਦੀਕੀ ਟਿਕਟ ਵੇਚਣ ਦਾ ਸਥਾਨ ਲੱਭ ਸਕਦੇ ਹੋ

**ਤੁਸੀਂ ਆਪਣੀ V/Line ਦੀ ਕਾਗਜ਼ੀ ਟਿਕਟ ਇਥੋਂ ਖ਼ਰੀਦ ਸਕਦੇ ਹੋ:**

- **vline.com.au/book** ਜਾਂ **1800 800 007** 'ਤੇ ਫ਼ੋਨ ਕਰਕੇ
- ਸਟਾਫ਼ ਵਾਲੇ V/Line ਅਤੇ ਪ੍ਰੀਮੀਅਮ ਮੈਟਰੋਪੋਲੀਟਨ ਸਟੇਸ਼ਨ ਤੋਂ
- V/Line ਟਿਕਟ ਏਜੰਟ ਤੋਂ।

ਆਪਣੀ ਟਿਕਟ ਖ਼ਰੀਦਣ ਲਈ ਨਜ਼ਦੀਕੀ ਥਾਂ ਲੱਭਣ ਲਈ, **vline.com.au/wheretobuy** 'ਤੇ ਜਾਓ

ਸਿੰਗਲ (ਇੱਕ ਪਾਸੇ ਦੀ) ਜਾਂ ਰੀਟਰਨ (ਆਉਣ-ਜਾਣ ਦੀ)

## ਸਿੰਗਲ (ਇੱਕ ਪਾਸੇ ਦੀ)

ਇੱਕ ਪਾਸੇ ਦੀ ਯਾਤਰਾ ਜਿਸ ਵਿੱਚ ਤੁਹਾਡੀ V/ਲਾਈਨ ਯਾਤਰਾ ਦੇ ਕਿਸੇ ਵੀ ਪਾਸੇ ਦੀ ਦੋ ਘੰਟਿਆਂ ਲਈ ਮੈਟਰੋਪੋਲੀਟਨ ਦੀ ਮੁਫ਼ਤ ਯਾਤਰਾ ਸ਼ਾਮਲ ਹੁੰਦੀ ਹੈ।

## ਰੀਟਰਨ (ਆਉਣ-ਜਾਣ ਦੀ)

ਟਿਕਟ 'ਤੇ ਛਾਪੇ ਗਏ ਸ਼ੁਰੂਆਤੀ ਅਤੇ ਮੰਜ਼ਿਲ ਸਥਾਨ ਵਿਚਕਾਰ ਵਾਪਸੀ ਦੀ ਯਾਤਰਾ ਜਾਂ ਤਾਂ ਉਸੇ ਦਿਨ ਜਾਂ ਕਿਸੇ ਹੋਰ ਮਿਤੀ 'ਤੇ ਕਰੋ। ਮੁਫ਼ਤ ਮੈਟਰੋਪੋਲੀਟਨ ਯਾਤਰਾ ਸ਼ਾਮਲ ਹੈ।

## myki Pass ਲਈ ਐਕਸਟੈਂਸ਼ਨ ਟਿਕਟਾਂ

ਜੇਕਰ ਤੁਹਾਡੇ ਕੋਲ myki Pass ਹੈ ਅਤੇ ਤੁਸੀਂ ਲੰਬੀ ਦੂਰੀ ਵਾਲੇ ਸਟੇਸ਼ਨ ਤੱਕ/ਤੋਂ ਯਾਤਰਾ ਕਰ ਰਹੇ ਹੋ, ਤਾਂ ਵੀ ਤੁਹਾਨੂੰ ਯਾਤਰਾ ਕਰਨ ਤੋਂ ਪਹਿਲਾਂ myki ਸਮਰਥਿਤ, ਸਟਾਫ਼ ਵਾਲੇ V/Line ਸਟੇਸ਼ਨ ਜਾਂ ਪ੍ਰੀਮੀਅਮ ਮੈਟਰੋਪੋਲੀਟਨ ਸਟੇਸ਼ਨ ਤੋਂ V/Line ਦੀ ਕਾਗਜ਼ੀ ਟਿਕਟ ਲੈਣ ਦੀ ਲੋੜ ਹੋਵੇਗੀ।

ਆਪਣੀ ਪੂਰੀ ਯਾਤਰਾ ਦੌਰਾਨ ਆਪਣੀ ਟਿਕਟ ਨੂੰ ਆਪਣੇ ਕੋਲ ਰੱਖਣਾ ਯਾਦ ਰੱਖੋ। ਜੇਕਰ ਤੁਹਾਡੇ ਕੋਲ ਇੱਕ ਰਿਆਇਤੀ ਕਾਰਡ ਹੈ, ਤਾਂ ਤੁਹਾਨੂੰ ਆਪਣੇ ਰਿਆਇਤੀ ਕਾਰਡ ਦੇ ਨਾਲ, ਯਾਤਰਾ ਕਰਦੇ ਸਮੇਂ ਇਸ ਟਿਕਟ ਨੂੰ ਦਿਖਾਉਣ ਦੀ ਲੋੜ ਹੁੰਦੀ ਹੈ।

## ਹੋਰ ਜਾਣਕਾਰੀ ਲਈ

V/Line ਕਾਗਜ਼ੀ ਟਿਕਟ ਕਿਰਾਇਆ ਲਈ,
**vline.com.au/tickets** 'ਤੇ ਜਾਓ।

ਖੇਤਰੀ ਬੱਸ ਦੇ ਕਾਗਜ਼ੀ ਟਿਕਟ ਕਿਰਾਇਆ ਲਈ,
**ptv.vic.gov.au/regionalbustickets** 'ਤੇ ਜਾਓ।

## ਆਪਣੀ myki ਕਾਰਡ ਨੂੰ ਰਜਿਸਟਰ ਕਰੋ

ਆਪਣੀ myki ਕਾਰਡ ਨੂੰ ਰਜਿਸਟਰ ਕਰਕੇ, ਤੁਸੀਂ ਇਹ ਕਰ ਸਕਦੇ ਹੋ

- ਆਪਣੇ ਕਾਰਡ ਦੇ ਬਕਾਏ ਅਤੇ ਯਾਤਰਾ ਕਰਨ ਦੀ ਪਿਛਲੀ ਜਾਣਕਾਰੀ ਦੀ ਜਾਂਚ
- PTV ਐਪ 'ਤੇ ਤੁਰੰਤ ਟਾਪ ਅੱਪ
- ਜੇਕਰ ਤੁਹਾਡਾ ਕਾਰਡ ਗੁਆਚ ਜਾਂਦਾ ਹੈ ਜਾਂ ਚੋਰੀ ਹੋ ਜਾਂਦਾ ਹੈ ਤਾਂ ਆਪਣੇ ਬਕਾਏ ਦੀ ਸੁਰੱਖਿਆ
- ਟਾਪ ਅੱਪ ਆਪਣੇ-ਆਪ ਹੋਣ ਲਈ ਸੈੱਟ
- 10 myki ਕਾਰਡ ਤੱਕ ਪ੍ਰਬੰਧਿਤ

ਤੁਸੀਂ ਇਸ ਕੋਡ ਨੂੰ ਸਕੈਨ ਕਰਕੇ, **ptv.vic.gov.au/register** 'ਤੇ ਜਾਂ PTV ਐਪ ਦੀ ਵਰਤੋਂ ਕਰਕੇ ਆਪਣੀ myki ਕਾਰਡ ਨੂੰ ਰਜਿਸਟਰ ਕਰ ਸਕਦੇ ਹੋ।

## ਮੋਬਾਈਲ myki

ਮੋਬਾਈਲ myki, Google Wallet™ ਐਪ 'ਤੇ ਤੁਹਾਡੇ ਐਂਡਰੌਇਡ ਫ਼ੋਨ 'ਤੇ ਇੱਕ ਡਿਜ਼ੀਟਲ myki ਕਾਰਡ ਹੈ। ਤੁਸੀਂ ਜਾਂਦੇ-ਜਾਂਦੇ ਹੀ ਪੈਸੇ ਟਾਪ ਅੱਪ ਕਰ ਸਕਦੇ ਹੋ, ਆਪਣੇ ਫ਼ੋਨ ਨਾਲ ਛੋਹ ਸਕਦੇ ਹੋ ਅਤੇ ਬੰਦ ਕਰ ਸਕਦੇ ਹੋ ਅਤੇ ਉਸੇ ਸਮੇਂ ਆਪਣਾ ਬਕਾਇਆ ਜਾਣ ਸਕਦੇ ਹੋ।

ਸ਼ੁਰੂ ਕਰਨ ਲਈ:

- Google Wallet™ ਡਾਊਨਲੋਡ ਕਰੋ
- ਆਪਣਾ ਭੁਗਤਾਨ ਕਾਰਡ ਸੈੱਟ ਕਰਨ ਲਈ Google Wallet™ ਦੇ ਅੰਦਰ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ
- ਨੀਲੇ ਰੰਗ ਦੇ "ਵਾਲਿਟ ਵਿੱਚ ਸ਼ਾਮਲ ਕਰੋ" ਬਟਨ ਨੂੰ ਦਬਾਓ ਅਤੇ ਟ੍ਰਾਂਸਪੋਰਟ ਪਾਸ ਚੁਣੋ। ਫਿਰ myki ਚੁਣੋ
- myki Money ਜਾਂ myki Pass ਚੁਣੋ
- ਆਪਣਾ ਕਿਰਾਇਆ ਚੁਣੋ: ਪੂਰਾ ਕਿਰਾਇਆ, ਬੱਚਾ, ਸੀਨੀਅਰ ਜਾਂ ਆਮ ਰਿਆਇਤ
- ਭੁਗਤਾਨ ਕਰੋ ਅਤੇ ਤੁਸੀਂ ਯਾਤਰਾ ਕਰਨ ਲਈ ਤਿਆਰ ਹੋ!


ਮੋਬਾਈਲ myki ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ **ptv.vic.gov.au/mobilemyki** 'ਤੇ ਜਾਓ।

# ਫ੍ਰੀ ਟਰਾਮ ਜ਼ੋਨ

ਸ਼ਹਿਰ ਦੇ ਫ੍ਰੀ ਟਰਾਮ ਜ਼ੋਨ ਵਿੱਚ ਸਿਟੀ ਸੈਂਟਰ ਸ਼ਾਮਲ ਹੈ ਅਤੇ ਇਹ ਕਵੀਨ ਵਿਕਟੋਰੀਆ ਮਾਰਕੀਟ ਤੋਂ ਲੈ ਕੇ ਡੌਕਲੈਂਡਜ਼, ਸਪਰਿੰਗ ਸਟ੍ਰੀਟ, ਫਲਿੰਡਰਸ ਸਟਰੀਟ ਸਟੇਸ਼ਨ ਅਤੇ ਫੈਡਰੇਸ਼ਨ ਸਕੁਆਇਰ ਤੱਕ ਫੈਲਿਆ ਹੋਇਆ ਹੈ।

**ਜੇਕਰ ਤੁਸੀਂ ਸ਼ਹਿਰ ਦੇ ਫ੍ਰੀ ਟਰਾਮ ਜ਼ੋਨ ਵਿੱਚ ਯਾਤਰਾ ਕਰ ਰਹੇ ਹੋ ਤਾਂ ਕਾਰਡ ਨੂੰ ਚਾਲੂ ਜਾਂ ਬੰਦ ਨਾ ਕਰੋ। ਤੁਹਾਨੂੰ myki ਕਾਰਡ ਦੀ ਲੋੜ ਨਹੀਂ ਹੈ।**

ਜੇਕਰ ਤੁਸੀਂ ਫ੍ਰੀ ਟਰਾਮ ਜ਼ੋਨ ਤੋਂ ਬਾਹਰ ਯਾਤਰਾ ਕਰ ਰਹੇ ਹੋ ਤਾਂ ਇਸ 'ਤੇ ਚਾਲੂ ਕਰਨਾ ਯਾਦ ਰੱਖੋ।




ਜ਼ੋਨ ਦੀਆਂ ਸੀਮਾਵਾਂ ਦੀ ਪਛਾਣ ਕਰਨ ਲਈ ਟਰਾਮ ਸਟਾਪਾਂ 'ਤੇ ਇਹਨਾਂ ਚਿੰਨ੍ਹਾਂ ਨੂੰ ਦੇਖੋ।

FREE TRAM ZONE

# ਸਿਟੀ ਸਰਕਲ ਟਰਾਮ

ਸਿਟੀ ਸਰਕਲ ਟਰਾਮ 'ਤੇ ਯਾਤਰਾ ਕਰਨਾ ਮੁਫ਼ਤ ਹੈ ਕਿਉਂਕਿ ਇਹ ਪੂਰੀ ਤਰ੍ਹਾਂ ਫ੍ਰੀ ਟਰਾਮ ਜ਼ੋਨ ਦੇ ਅੰਦਰ ਚੱਲਦੀ ਹੈ।

ਸਿਟੀ ਸਰਕਲ 'ਤੇ ਇਤਿਹਾਸਕ W ਕਲਾਸ ਟਰਾਮ ਦੀ ਸਵਾਰੀ ਕਰੋ ਅਤੇ ਮੈਲਬੌਰਨ ਦੀਆਂ ਕਹਾਣੀਆਂ ਸੁਣੋ।

- ਰੋਜ਼ਾਨਾ ਸਵੇਰੇ 9.30 ਵਜੇ ਅਤੇ ਸ਼ਾਮ 5 ਵਜੇ।
- ਟਰਾਮ ਹਰ 12 ਮਿੰਟ ਬਾਅਦ, ਘੜੀ ਚੱਲਣ ਦੀ ਦਿਸ਼ਾ ਵਿੱਚ ਰਵਾਨਾ ਹੁੰਦੀ ਹੈ।
- ਗੁੱਡ ਫਰਾਈਡੇ ਅਤੇ ਕ੍ਰਿਸਮਿਸ ਵਾਲੇ ਦਿਨ ਕੋਈ ਸੇਵਾ ਨਹੀਂ ਹੁੰਦੀ ਹੈ।




© Public Transport Victoria 2022

ਵਧੇਰੇ ਜਾਣਕਾਰੀ ਲਈ **ptv.vic.gov.au**
'ਤੇ ਜਾਓ ਜਾਂ **1800 800 007** 'ਤੇ ਫ਼ੋਨ ਕਰੋ।.

ਜੇਕਰ ਤੁਸੀਂ ਬੋਲ਼ੇ ਹੋ, ਜਾਂ ਸੁਣਨ ਜਾਂ ਬੋਲਣ ਦੀ ਕਮਜ਼ੋਰੀ ਹੈ, ਤਾਂ ਨੈਸ਼ਨਲ ਰੀਲੇਅ ਸਰਵਿਸ ਰਾਹੀਂ ਸਾਡੇ ਨਾਲ ਸੰਪਰਕ ਕਰੋ - ਹੋਰ ਜਾਣਕਾਰੀ ਲਈ, **relayservice.gov.au** 'ਤੇ ਜਾਓ।

1 ਜਨਵਰੀ 2024 ਤੋਂ।

ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਲਈ:

| | | | |
|---|---|---|---|
| **普通話** | 9321 5454 | **廣東話** | 9321 5441 |
| **Italiano** | 9321 5444 | ਪੰਜਾਬੀ | 9321 5445 |
| **Ελληνικά** | 9321 5443 | हिन्दी | 9321 5442 |
| **Việt-ngữ** | 9321 5449 | සිංහල | 9321 5446 |
| **عربي** | 9321 5440 | **Español** | 9321 5447 |

ਜੇਕਰ ਤੁਹਾਡੀ ਭਾਸ਼ਾ ਇਸ ਸੂਚੀ ਵਿੱਚ ਨਹੀਂ ਹੈ ਤਾਂ
**ptv.vic.gov.au/languages** 'ਤੇ ਜਾਓ ਜਾਂ **9321 5450** 'ਤੇ ਫ਼ੋਨ ਕਰੋ।.

DTP0477-E/23

VICTORIA State Government | Department of Transport and Planning

ਟਰਾਂਸਪੋਰਟ ਅਤੇ ਯੋਜਨਾ ਵਿਭਾਗ, 1 Spring Street, Melbourne ਦੁਆਰਾ ਅਧਿਕਾਰਤ